# ਦਫਤਰ ਨਗਰ ਨਿਗਮ ਹੁਸ਼ਿਆਰਪੁਰ।
# ਪ੍ਰੈਸ ਨੋਟ

## ਵਾਰਡ ਨੰ:50 ਦੇ ਨਿਵਾਸੀਆਂ ਨੂੰ ਜਲਦ ਮਿਲੇਗੀ ਧਰਮਸ਼ਾਲਾ ਅਤੇ ਆਗਨਵਾੜੀ ਸੈਂਟਰ ਦੀ ਸਹੂਲਤ..........ਤਿਕਸ਼ਨ ਸੂਦ

ਹੁਸ਼ਿਆਰਪੁਰ 26 ਦਸੰਬਰ        ਵਾਰਡ ਨੰ: 50 ਦੇ ਨਿਵਾਸੀਆ ਨੂੰ ਆਪਣੇ ਸਾਂਝੇ ਸਮਾਗਮ ਕਰਨ ਲਈ ਜਲਦ ਮਿਲੇਗੀ ਧਰਮਸ਼ਾਲਾ ਦੀ ਸਹੂਲਤ। ਇਹ ਜਾਣਕਾਰੀ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਵਾਰਡ ਨੰ: 50 ਦੇ ਮੁੱਹਲਾ ਨਵੀ ਆਬਾਦੀ ਨਲੋਈਆਂ ਵਿਖੇ 10 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਧਰਮਖ਼ਬਾਲਾ ਅਤੇ 3 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਆਗਨਵਾੜੀ ਸੈਟਰ ਦੀ ਉਸਾਰੀ ਦੇ ਕੰਮ ਦੀ ਸ਼ੁਰੂਆਤ ਰੀਬਨ ਕੱਟ ਕੇ ਕਰਨ ਮੋਕੇ ਦਿੱਤੀ। ਇਸ ਮੋਕੇ ਉਹਨਾਂ ਨੇ ਲੋਕਾਂ ਦੇ ਭਾਰੀ ਇਕੱਠ ਨੂੰ  ਸਬੋਧਨ ਕਰਦਿਆਂ ਦਸਿੱਆ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ ਸਿੰਘ ਬਾਦਲ ਵੱਲੋਂ ਪਿਛਲੇ ਦਿਨੀ ਕੀਤੇ ਗਏ ਸੰਗਤ ਦੌਰਾਨ ਇਸ ਵਾਰਡ ਦੇ ਨਿਵਾਸੀਆਂ ਵੱਲੋਂ ਕੌਂਸਲਰ ਸੁਰੇਖਾ ਬਰਜਾਤਾ ਦੀ ਅਗਵਾਈ ਵਿੱਚ ਧਰਮਸ਼ਾਲਾ ਅਤੇ ਆਗਨਵਾੜੀ ਸੈਟਰ ਦੀ ਮੰਗ ਕੀਤੀ ਸੀ।ਜਿਸ ਲਈ 13 ਲੱਖ ਰੁਪਏ ਮੁੱਖ ਮੰਤਰੀ ਵੱਲੋਂ ਪ੍ਰਾਪਤ ਹੋਏ ਚੁੱਕੇ ਹਨ ਜਿਸ ਨਾਲ ਧਰਮਸ਼ਾਲਾ ਅਤੇ ਆਗਨਵਾੜੀ ਸੈਟਰ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਉਹਨ੍ਹਾਂ ਦਸਿਆ ਕਿ ਇਸ ਵਾਰਡ ਵਿੱਚ 25 ਲੱਖ ਰੁਪਏ ਦੀ ਲਾਗਤ ਨਾਲ ਨਵਾਂ ਟਿਊਬਵੈੱਲ ਲਗਾਇਆ ਗਿਆ ਹੈ ਜਿਸ ਰਾਂਹੀ ਜਲਦੀ ਹੀ ਪੀਣ ਵਾਲੇ ਪਾਣੀ ਦੀ ਸਪਲਾਈ ਕੀਤੀ ਜਾਵੇਗੀ। ਜਿਸ ਨਾਲ ਮੁਹੱਲਾ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਕੋਈ ਕਮੀ ਨਹੀ ਰਹੇਗੀ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ, ਭਾਜਪਾ ਆਗੂ ਜਗਤਾਰ ਸਿੰਘ ਸੈਣੀ, ਮਾਰਕੀਟ ਕਮੇਟੀ ਦੇ ਉਪ ਚੈਅਰਮੇਨ ਵਿਜੈ ਪਠਾਨੀਆਂ, ਜਗਤਾਰ ਸਿੰਘ ਸੈਣੀ, ਡਾ: ਪ੍ਰਵੀਨ ਕੁਮਾਰ, ਡਾ: ਇੰਦਰਜੀਤ ਨੇ ਵੀ ਇਸ ਮੋਕੇ ਤੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।ਕੋਂਸਲਰ ਸੁਰੇਖਾ ਬਰਜਾਤਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਰਾਮਦੇਵ ਯਾਦਵ ਅਤੇ ਮੁਹੱਲਾ ਨਿਵਾਸੀ ਇਸ ਮੌਕੇ ਤੇ ਹਾਜਰ ਸਨ।